# ਪ੍ਰੈਸ ਨੋਟ

ਜਿਲਾ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਬੀਤੇ ਦਿਨਾਂ ਵਿੱਚ ਭਾਰੀ ਤਰਦੱਦ ਕਾਰਨ ਨਸ਼ਿਆ ਤੇ ਜੁਰਮਾਂ ਵਿੱਚ ਆਈ ਖੜੋਤ

ਸ੍ਰੀ ਮੁਕਤਸਰ ਸਾਹਿਬ( ) ਪੰਜਾਬ ਸਰਕਾਰ ਵੱਲੋਂ ਜਿਲਾ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਦੀ ਕਮਾਨ ਜਦੋਂ ਤੋਂ ਸ੍ਰ: ਸਰਬਜੀਤ ਸਿੰਘ ਪੀ ਪੀ ਐਸ ਦੇ ਹੱਥ ਸੌਂਪੀ ਗਈ ਹੈ ਉਦੋਂ ਤੋਂ ਹੀ ਪੁਲਿਸ ਦੀ ਕਾਰਜਸ਼ੈਲੀ ਵਿੱਚ ਕਾਫੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਭਾਂਵੇ ਕਿ ਹਰ ਸਰਕਾਰੀ ਅਧਿਕਾਰੀ ਆਪਣੀ ਸਮਰੱਥਾ ਅਤੇ ਸਮਝ ਅਨੁਸਾਰ ਆਪਣੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਜਿਲਾ ਸ੍ਰੀ ਮੁਕਤਸਰ ਸਾਹਿਬ ਦੇ ਮੌਜੂਦਾ ਪੁਲਿਸ ਮੁਖੀ ਨੌਜਵਾਨ ਹੋਣ ਦੇ ਨਾਲ ਨਾਲ ਫੀਲਡ ਡਿਊਟੀ ਦਾ ਕਾਫੀ ਲੰਮਾ ਤਜਰਬਾ ਰੱਖਦੇ ਹੋਣ ਕਾਰਨ ਇਹਨਾਂ ਦਾ ਕੰਮ ਕਰਨ ਦਾ ਇੱਕ ਵੱਖਰਾ ਹੀ ਢੰਗ ਤਰੀਕਾ ਹੈ। ਦਫਤਰੀ ਸਮੇਂ ਪਬਲਿਕ ਦੀਆਂ ਦੁੱਖ ਤਕਲੀਫਾਂ ਸੁਣਨ ਤੋਂ ਬਾਅਦ ਅਕਸਰ ਜਿਲਾ ਪੁਲਿਸ ਮੁਖੀ ਰਾਤ ਦੇ ਸਮੇਂ ਥਾਣਾ, ਚੌਕੀਆਂ, ਨਾਕਾ ਤੇ ਗਸ਼ਤ ਪਾਰਟੀਆਂ ਦੀ ਚੈਕਿੰਗ ਤੇ ਫੀਲਡ ਵਿੱਚ ਵਿਖਾਈ ਦਿੰਦੇ ਹਨ ਜਿਸਦੇ ਸਿੱਟੇ ਵਜੋਂ ਜਿਲਾ ਪੁਲਿਸ ਦੇ ਕਰਮਚਾਰੀ ਹਰ ਸਮੇਂ ਚੁਸਤ ਫੁਰਤ ਤੇ ਆਪਣੀ ਡਿਊਟੀ ਤੇ ਹਾਜਰ ਮਿਲਦੇ ਹਨ। ਪੰਜਾਬ ਦੇ ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਵੱਲੋਂ ਪੰਜਾਬ ਨੂੰ ਪੂਰੀ ਤਰਾਂ ਨਾਲ ਨਸ਼ਾ ਮੁਕਤ ਬਣਾਉਣ ਲਈ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਨੂੰ ਕਾਰਗਰ ਕਰਨ ਲਈ ਹਰ ਤਰਾਂ ਦੇ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕਸਿਆ ਜਾ ਰਿਹਾ ਹੈ ਕਿਉਂ ਕਿ ਸਮਾਜ ਵਿੱਚ ਇਹ ਗੱਲ ਆਮ ਪ੍ਰਚਲਤ ਹੈ ਕਿ ਨਸ਼ੇ ਦੇ ਪ੍ਰਭਾਵ ਹੇਠ ਹੀ ਕੋਈ ਆਮ ਵਿਅਕਤੀ ਕਿਸੇ ਜੁਰਮ ਨੂੰ ਅੰਜਾਮ ਦੇਣ ਦੀ ਸੋਚਦਾ ਹੈ। ਇਸ ਲਈ ਇਸ ਜਿਲਾ ਵਿੱਚ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਵਿਸ਼ੇਸ ਮੁਹਿੰਮ ਦੌਰਾਨ ਬੀਤੇ ਦਿਨਾਂ ਵਿੱਚ ਨਸ਼ਾ ਵਿਰੋਧੀ ਐਕਟ(NDPS Act) ਤਹਿਤ ਕੁੱਲ 34 ਮੁੱਕਦਮੇ ਵੱਖ ਵੱਖ ਥਾਣਿਆਂ ਵਿੱਚ ਦਰਜ ਕੀਤੇ ਗਏ ਹਨ ਤੇ 41 ਨਸ਼ੇ ਦੇ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਬੰਦ ਕੀਤਾ ਜਾ ਚੁੱਕਾ ਹੈ। ਇਹਨਾਂ ਕਾਬੂ ਕੀਤੇ ਗਏ ਨਸ਼ਾ ਤਸਕਰਾਂ ਪਾਸੋਂ 73.300 ਕਿਲੋਗ੍ਰਾਮ ਚੂਰਾ ਪੋਸਤ, 17100 ਨਸ਼ੀਲੀਆਂ ਗੋਲੀਆਂ, 18 ਗ੍ਰਾਮ ਨਾਰਕੋਟਿਕ ਪਾਊਡਰ, 172 ਗ੍ਰਾਮ ਹੀਰੋਇਨ ਬ੍ਰਾਮਦ ਕੀਤੀ ਗਈ ਹੈ। ਇਸੇ ਪ੍ਰਕਾਰ ਜਿਲਾ ਪੁਲਿਸ ਵੱਲੋਂ ਥੋੜੇ ਸਮੇਂ ਅੰਦਰ ਹੀ ਆਬਕਾਰੀ ਐਕਟ ਕਾਰਵਾਈ ਕਰਦਿਆਂ 50 ਮੁੱਕਦਮੇ ਦਰਜ ਕਰਕੇ 44 ਸ਼ਰਾਬ ਦੇ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 323.500 ਲੀਟਰ ਸ਼ਰਾਬ ਨਜਾਇਜ਼, 322.500 ਲੀਟਰ ਸ਼ਰਾਬ ਠੇਕਾ, 300 ਲੀਟਰ ਲਾਹਣ, 04 ਚਾਲੂ ਭੱਠੀਆਂ ਅਤੇ 50.250 ਲੀਟਰ ਸ਼ਰਾਬ ਅੰਗਰੇਜੀ ਬ੍ਰਾਮਦ ਕੀਤੀ ਗਈ ਹੈ। ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਜਿਲਾ ਪੁਲਿਸ ਵੱਲੋਂ ਜਿਲਾ ਭਰ ਵਿੱਚ 24 ਘੰਟੇ ਲਈ ਲਗਾਏ ਗਏ ਨਾਕਿਆਂ ਤੇ ਚੈਕਿੰਗ ਅਤੇ ਵਿਸ਼ੇਸ ਗਸ਼ਤ ਪਾਰਟੀਆਂ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਜਿਲਾ ਪੁਲਿਸ ਵੱਲੋਂ ਪਿਛਲੇ ਦਿਨਾਂ ਵਿੱਚ 24 ਮੋਟਰਸਾਈਕਲ ਅਤੇ ਇੱਕ ਸਵਿਫਟ ਕਾਰ ਬ੍ਰਾਮਦ ਕੀਤੀ ਗਈ ਹੈ ਜੋ ਇਹ ਵਾਹਨ ਵੱਖ ਵੱਖ ਥਾਵਾਂ ਤੋਂ ਚੋਰੀ ਕੀਤੇ ਗਏ ਸਨ ਅਤੇ ਇਹਨਾਂ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ 21 ਦੋਸ਼ੀਆਂ ਨੂੰ ਵੀ ਕਾਬੂ ਕੀਤਾ ਗਿਆ ਹੈ। ਇਸੇ ਪ੍ਰਕਾਰ ਇਹਨਾਂ ਦੋਸ਼ੀ ਵਿਅਕਤੀਆਂ ਪਾਸੋਂ ਬੀਤੇ ਦਿਨੀ ਚੋਰੀ ਹੋਈ 25 ਕਿਲੋ ਤਾਂਬੇ ਦੀ ਤਾਰ ਵੀ ਬ੍ਰਾਮਦ ਵੀ ਕੀਤੀ ਗਈ ਹੈ। ਜਿਲਾ ਪੁਲਿਸ ਵੱਲੋਂ ਭਗੌੜੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਬੀਤੇ ਦਿਨੀ ਕੁੱਲ 5 ਭਗੌੜੇ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਇੱਥੇ ਇਹ ਜਿਕਰਯੋਗ ਹੈ ਕਿ ਇਹਨਾਂ ਕਾਬੂ ਕੀਤੇ ਗਏ ਭਗੌੜੇ ਦੋਸ਼ੀਆਂ ਵਿੱਚ ਸਿਮਰਜੀਤ ਸਿੰਘ ਨਾ ਦਾ ਇੱਕ ਖੂੰਖਾਰ ਕਿਸਮ ਦਾ ਅਜਿਹਾ ਅਪ੍ਰਾਧੀ ਵਿਅਕਤੀ ਹੈ ਜਿਸਦੇ ਵਿਰੁੱਧ ਪੰਜਾਬ ਅਤੇ ਹਰਿਆਣਾ ਦੇ ਵੱਖ ਵੱਖ ਪੁਲਿਸ ਸਟੇਸ਼ਨਾਂ ਵਿੱਚ 16 ਲੁੱਟਾਂ, ਖੋਹਾਂ ਤੇ ਡਾਕਿਆਂ ਦੇ ਸੰਗੀਨ ਮੁੱਕਦਮੇ ਦਰਜ ਹਨ ਅਤੇ ਇਸ ਸਮੇਂ ਉਸਨੂੰ ਕਈ ਜਿਲਿਆਂ ਦੀ ਪੁਲਿਸ ਲੱਭ ਰਹੀ ਸੀ। ਮੀਡੀਆ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਆਮ ਲੋਕਾਂ ਅਤੇ ਸਮਾਜ ਦੇ ਹਰ ਵਰਗ ਦਾ ਸਹਿਯੋਗ ਲੈਣ ਲਈ ਤੇ ਜਿਲਾ ਸ੍ਰੀ ਮੁਕਸਤਰ ਸਾਹਿਬ ਨੂੰ ਪੂਰੀ ਤਰਾਂ ਨਾਲ ਨਸ਼ਾ ਮੁਕਤ ਕਰਨ ਦੇ ਮੰਤਵ ਨਾਲ ਜਿਲਾ ਪੁਲਿਸ ਵੱਲੋਂ ਸਿਵਲ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਇੱਕ ਡੀ ਅਡਿੱਕਸ਼ਨ ਸੁਸਾਇਟੀ ਦਾ ਜਲਦੀ ਹੀ ਗਠਨ ਕੀਤੇ ਜਾਣ ਦੀ ਯੋਜਨਾ ਵੀ ਹੈ। ਜਿਲਾ ਪੁਲਿਸ ਮੁਖੀ ਦੀ ਇਸ ਪ੍ਰਕਾਰ ਦੀ ਕਾਰਜਸ਼ੈਲੀ ਦੀ ਆਮ ਅਮਨ ਪਸੰਦ ਨਾਗਰਿਕ ਅਕਸਰ ਸਿਫਤ ਕਰਦੇ ਹੋਏ ਸਮੇਂ ਦੀ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਅਤੇ ਜੁਰਮ ਮੁਕਤ ਕਰਨ ਦੀਆਂ ਕੋਸ਼ਿਸ਼ਾਂ ਪ੍ਰਤੀ ਤੱਸਲੀ ਦਾ ਪ੍ਰਗਟਾਵਾ ਕਰਦੇ ਵੇਖੇ ਜਾਂਦੇ ਹਨ।